**ਮਾਡਲ ਟੈਸਟ ਪੇਪਰ**

**ਧਰਮ–ਬਾਰਵੀਂ**

**ਸਮੈਸਟਰ–ਦੂਜਾ**

ਸਮਾਂ–3 ਘੰਟੇ

ਅੰਕ–100

ਅੰਦਰੂਨੀ ਮੁਲਾਂਕਣ ਅੰਕ–20

ਕੁੱਲ ਅੰਕ–120

**ਭਾਗ–1**

**ਨੋਟ–** ਸਾਰੇ ਪ੍ਰਸ਼ਨ ਜਰੂਰੀ ਹਨ। ਹਰ ਪ੍ਰਸ਼ਨ ਦਾ ਉੱਤਰ ਇੱਕ ਵਾਕ ਵਿੱਚ ਦੇਣਾ ਹੋਵੇਗਾ ਅਤੇ ਹਰ ਪ੍ਰਸ਼ਨ ਦਾ ਇੱਕ ਅੰਕ ਹੋਵੇਗਾ।

1. ਸਿੰਧੂ ਘਾਟੀ ਦੇ ਲੋਕ ਕਿਹੜੇ–ਕਿਹੜੇ ਜਾਨਵਰ ਦੀ ਪੂਜਾ ਕਰਦੇ ਹਨ?
2. ਕੁੱਲ ਵੇਦ ਕਿੰਨੇ ਹਨ ਅਤੇ ਦੋ ਦੇ ਨਾਮ ਲਿਖੋ?
3. ਦੋ ਉਪਨਿਸ਼ਦਾਂ ਦੇ ਨਾਂ ਦੱਸੋ?
4. ਆਰੀਆ ਲੋਕਾਂ ਦਾ ਵਰਖਾ ਦਾ ਦੇਵਤਾ ਕੌਣ ਹੈ?
5. ਮਹਾਤਮਾ ਬੁੱਧ ਦਾ ਜਨਮ ਕਦੋਂ ਤੇ ਕਿੱਥੇ ਹੋਇਆ?
6. ਭਗਵਾਨ ਮਹਾਂਵੀਰ ਜੀ ਕਿੰਨਵੇਂ ਤੀਰਥੰਕਰ ਸਨ?
7. ਆਦਿ ਗ੍ਰੰਥ ਦੇ ਕੁੱਲ ਕਿੰਨੇ ਪੰਨੇ ਹਨ?
8. ਬੁੱਧ ਧਰਮ ਅਨੁਸਾਰ ਚਾਰ ਸੱਚਾਈਆਂ ਕਿਹੜੀਆਂ ਹਨ?
9. ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਕਦੋਂ ਤੇ ਕਿੱਥੇ ਹੋਈ?
10. ਲੰਗਰ ਪ੍ਰਥਾ ਦਾ ਆਰੰਭ ਕਿਸ ਗੁਰੂ ਸਾਹਿਬ ਤੋਂ ਹੋਇਆ? 10×1=10 ਅੰਕ

**ਭਾਗ–2**

**ਨੋਟ–** ਸਾਰੇ ਪ੍ਰਸ਼ਨ ਜਰੂਰੀ ਹਨ। ਹਰ ਪ੍ਰਸ਼ਨ ਦਾ ਉੱਤਰ 10–15 ਸਤਰਾਂ ਵਿੱਚ ਹੋਵੇ ਅਤੇ ਹਰ ਪ੍ਰਸ਼ਨ ਦੇ 6 ਅੰਕ ਹੋਣਗੇ।

11. ਸਿੰਧੂ ਘਾਟੀ ਦੇ ਲੋਕ ਆਪਣੇ ਮ੍ਰਿਤਕਾਂ ਦੇ ਸੰਸਕਾਰ ਕਰਨ ਲਈ ਕਿਹੜੇ ਦੋ ਢੰਗ ਅਪਣਾਉਂਦੇ ਹਨ?
12. ਆਰੀਆ ਦੇ ਦੇਵਤਾ 'ਅਗਨੀ' ਦਾ ਵਰਨਣ ਆਪਣੇ ਸ਼ਬਦਾਂ ਵਿੱਚ ਕਰੋ।
13. ਬੁੱਧ ਧਰਮ ਦੇ ਕਿਸੇ ਦੋ 'ਮਾਰਗਾਂ' ਦਾ ਵਰਨਣ ਕਰੋ।

14. ਗੁਰੂ ਗ੍ਰੰਥ ਸਾਹਿਬ ਵਿੱਚ ਆਈ ਭਗਤ ਬਾਣੀ ਬਾਰੇ ਜਾਣਕਾਰੀ ਦਿਓ।

15. 'ਪੰਗਤ ਦੀ ਸੰਸਥਾ' ਤੋਂ ਕੀ ਭਾਵ ਹੈ? ਸਪਸ਼ਟ ਕਰੋ। 5×6=30 ਅੰਕ

**ਭਾਗ–3**

**ਨੋਟ–** ਸਾਰੇ ਪ੍ਰਸ਼ਨ ਜਰੂਰੀ ਹਨ। ਹਰ ਪ੍ਰਸ਼ਨ ਦਾ ਉੱਤਰ 3 ਪੰਨਿਆਂ ਵਿੱਚ ਹੋਵੇ ਅਤੇ ਹਰ ਪ੍ਰਸ਼ਨ ਦੇ 15 ਅੰਕ ਹੋਣਗੇ।

16. ਸਿੰਧੂ ਘਾਟੀ ਦੇ ਲੋਕ ਦਾ ਧਾਰਮਿਕ ਜੀਵਨ ਕਿਹੋ ਜਿਹਾ ਸੀ?

ਜਾਂ

ਆਰੀਆ ਲੋਕਾਂ ਦੇ ਧਾਰਮਿਕ ਜੀਵਨ ਬਾਰੇ ਜਾਣਕਾਰੀ ਦਿਓ।

17. ਬੁੱਧ ਧਰਮ ਦੇ ਵਿਕਾਸ ਵਿੱਚ ਅਸ਼ੋਕ ਦੇ ਯੋਗਦਾਨ ਦਾ ਵਰਨਣ ਕਰੋ।

ਜਾਂ

ਅਸ਼ਟਾਂਗ ਮਾਰਗ ਤੋਂ ਕੀ ਭਾਵ ਹੈ? ਇਸ ਬਾਰੇ ਭਰਪੂਰ ਜਾਣਕਾਰੀ ਦਿਓ।

18. ਆਦਿ ਗ੍ਰੰਥ ਸਾਹਿਬ ਦੇ ਸੰਕਲਨ ਅਤੇ ਸੰਪਾਦਨ ਤੇ ਨੋਟ ਲਿਖੋ।

ਜਾਂ

ਗੁਰੂ ਗ੍ਰੰਥ ਸਾਹਿਬ ਦੇ ਕੁੱਲ ਬਾਣੀਕਾਰ ਕਿੰਨੇ ਹਨ? ਉਨ੍ਹਾਂ ਬਾਰੇ ਵੇਰਵੇ ਦਿਓ।

19. ਸਿੱਖ ਜੀਵਨ ਜਾਚ ਦਾ ਵਰਨਣ ਕਰੋ।

ਜਾਂ

ਅੰਮ੍ਰਿਤ ਸੰਸਕਾਰ ਬਾਰੇ ਵਿਸਥਾਰ ਜਾਣਕਾਰੀ ਦਿਓ। 4×15=60 ਅੰਕ